ਮਿੱਠੇ ਬੱਚੇ:- "ਮਿੱਠੇ ਬੱਚੇ:- ਇਥੇ ਤੁਸੀਂ ਵਨਵਾਹ ਵਿਚ ਹੋ, ਚੰਗਾ-2 ਪਹਿਨਣਾ, ਖਾਣਾ.. ਇਹ ਸ਼ੌਕ ਤੁਸੀਂ ਬੱਚਿਆਂ ਵਿਚ ਨਹੀਂ ਹੋਣਾ ਚਾਹੀਦਾ, ਪੜਾਈ ਅਤੇ ਚਰਿੱਤਰ ਤੇ ਪੂਰਾ-2 ਧਿਆਨ ਦੇਵੋ।"

ਪ੍ਰਸ਼ਨ:- ਪ੍ਰਸ਼ਨ:- ਗਿਆਨ ਰਤਨਾ ਨਾਲ ਸਦਾ ਭਰਪੂਰ ਰਹਿਣ ਦਾ ਸਾਧਨ ਕੀ ਹੈ?

ਉੱਤਰ:- ਦਾਨ। ਜਿੰਨਾਂ -2 ਦੂਸਰਿਆਂ ਨੂੰ ਦਾਨ ਕਰਾਂਗੇ ਉਤਨਾ ਹੀ ਖੁਦ ਭਰਪੂਰ ਰਹੋਗੇ। ਸਿਆਨੇ ਉਹ ਹਨ ਜੋ ਸੁਣਕੇ ਧਾਰਨ ਕਰਨ ਅਤੇ ਫਿਰ ਦੂਸਰਿਆਂ ਨੂੰ ਦਾਨ ਕਰਨ। ਬੁੱਧੀ ਰੂਪੀ ਝੋਲੀ ਵਿਚ ਜੇਕਰ ਛੇਦ ਹੋਵੇਗਾ ਤਾਂ ਬਹਿ ਜਾਵੇਗਾ, ਧਾਰਨਾ ਨਹੀਂ ਹੋਵੇਗੀ। ਇਸਲਈ ਕਾਇਦੇ ਅਨੁਸਾਰ ਪੜਾਈ ਪੜਨੀ ਹੈ ਪੰਜ ਵਿਕਾਰਾਂ ਤੋਂ ਦੂਰ ਰਹਿਣਾ ਹੈ। ਰੂਪ - ਬਸੰਤ ਬਣਨਾ ਹੈ।

ਓਮ ਸ਼ਾਂਤੀ। ਰੂਹਾਨੀ ਬਾਪ ਰੂਹਾਨੀ ਬੱਚਿਆਂ ਨੂੰ ਸਮਝਾਉਂਦੇ ਹਨ। ਰੂਹਾਨੀ ਬਾਪ ਵੀ ਕਰਮ ਇੰਦਰੀਆਂ ਨਾਲ ਬੋਲਦੇ ਹਨ, ਰੂਹਾਨੀ ਬੱਚੇ ਵੀ ਇਰਮਿੰਦ੍ਰਿਆਂ ਨਾਲ ਸੁਣਦੇ ਹਨ। ਇਹ ਹੈ ਨਵੀ ਗੱਲ। ਦੁਨੀਆ ਵਿਚ ਕੋਈ ਵੀ ਮਨੁੱਖ ਇਵੇਂ ਨਹੀਂ ਕਹਿ ਸਕਦਾ। ਤੁਹਾਡੇ ਵਿਚ ਵੀ ਨੰਬਰਵਾਰ ਪੁਰਸ਼ਾਰਥ ਅਨੁਸਾਰ ਸਮਝਾਉਂਦੇ ਹਨ। ਜਿਵੇਂ ਟੀਚਰ ਪੜਾਉਂਦੇ ਹਨ ਤਾਂ ਟੀਚਰ ਦਾ ਰਜਿਸ਼ਟਰ ਸ਼ੋ ਕਰਦਾ ਹੈ। ਰਜਿਸ਼ਟਰ ਤੋਂ ਉਨ੍ਹਾਂ ਦੀ ਪੜਾਈ ਅਤੇ ਚਲਨ ਦਾ ਪਤਾ ਲਗ ਜਾਂਦਾ ਹੈ। ਮੂਲ ਹੈ ਹੀ ਪੜਾਈ ਅਤੇ ਚਲਨ। ਇਹ ਹੈ ਇਸ਼ਵਰੀਏ ਪੜਾਈ ਜੋ ਕੋਈ ਪੜਾ ਨਾ ਸਕੇ। ਰਚਤਾ ਅਤੇ ਰਚਨਾ ਦੇ ਆਦਿ- ਮੱਧ - ਅੰਤ ਦੀ। ਸ੍ਰਿਸ਼ਟੀ ਚੱਕਰ ਦੀ ਨੋਲਜ ਹੈ, ਇਹ ਕੋਈ ਵੀ ਸਾਰੀ ਦੁਨੀਆ ਵਿਚ ਮਨੁੱਖ ਨਹੀਂ ਜਾਣਦੇ। ਰਿਸ਼ੀ ਮੁਨੀ ਜੋ ਇਤਨੇ ਪੜੇ ਲਿਖੇ ਅਥਾਰਟੀ ਹਨ, ਉਹ ਪ੍ਰਾਚੀਨ ਰਿਸ਼ੀ ਮੁਨੀ ਖੁਦ ਕਹਿੰਦੇ ਸੀ ਕਿ ਅਸੀਂ ਰਚਤਾ ਅਤੇ ਰਚਨਾ ਨੂੰ ਨਹੀਂ ਜਾਣਦੇ। ਬਾਪ ਨੇ ਹੀ ਆਕੇ ਪਹਿਚਾਨ ਦਿਤੀ ਹੈ। ਗਾਇਆ ਵੀ ਜਾਂਦਾ ਹੈ ਇਹ ਹੈ ਕੰਡਿਆਂ ਦਾ ਜੰਗਲ। ਜੰਗਲ ਨੂੰ ਅੱਗ ਜਰੂਰ ਲਗਦੀ ਹੈ। ਫੁੱਲਾਂ ਦੇ ਬਗੀਚੇ ਨੂੰ ਕਦੇ ਅੱਗ ਨਹੀਂ ਲਗਦੀ ਕਿਉਂਕਿ ਜੰਗਲ ਸਾਰਾ ਸੁੱਕਿਆ ਹੋਇਆ ਹੈ। ਬਗੀਚਾ ਹਰਾ ਹੁੰਦਾ ਹੈ, ਉਸਨੂੰ ਅੱਗ ਨਹੀਂ ਲਗਦੀ। ਸੁੱਕੇ ਨੂੰ ਅੱਗ ਝੱਟ ਲਗ ਜਾਂਦੀ ਹੈ। ਇਹ ਹੈ ਬੇਹੱਦ ਦਾ ਜੰਗਲ, ਇਸ ਨੂੰ ਵੀ ਅੱਗ ਲੱਗੀ ਸੀ। ਬਗੀਚਾ ਵੀ ਸਥਾਪਨ ਹੋਇਆ ਸੀ। ਤੁਹਾਡਾ ਬਗੀਚਾ ਹੁਣ ਗੁਪਤ ਸਥਾਪਨ ਹੋ ਰਿਹਾ ਹੈ। ਤੁਸੀਂ ਜਾਣਦੇ ਹੋ ਅਸੀਂ ਬਗੀਚੇ ਦੇ ਫੁੱਲ ਖੁਸ਼ਬੂਦਾਰ ਦੇਵਤਾ ਬਣ ਰਹੇ ਹਾਂ, ਉਸ ਦਾ ਨਾਮ ਹੈ ਹੀ ਸਵਰਗ। ਹੁਣ ਸਵਰਗ ਸਥਾਪਨ ਹੋ ਰਿਹਾ ਹੈ, ਵੰਡਰ ਹੈ ਤੁਸੀਂ ਕਿੰਨਾ ਵੀ ਲੋਕਾਂ ਨੂੰ ਸਮਝਾ ਰਹੇ ਹੋ ਪਰ ਕਿਸੇ ਦੀ ਬੁੱਧੀ ਵਿਚ ਬੈਠਦਾ ਨਹੀਂ ਹੈ, ਜੋ ਇਸ ਧਰਮ ਦੇ ਨਹੀਂ ਹੋਣਗੇ ਉਨ੍ਹਾਂ ਦੀ ਬੁੱਧੀ ਵਿਚ ਬੈਠੇਗਾ ਨਹੀਂ। ਇਕ ਕੰਨ ਤੋਂ ਸੁਣਨਗੇ ਦੂਜੇ ਤੋਂ ਕੱਢ ਦੇਣਗੇ। ਸਤਿਯੁਗ, ਤ੍ਰੇਤਾ ਵਿਚ ਭਾਰਤਵਾਸੀ ਕਿੰਨੇ ਥੋੜੇ ਹੋਣਗੇ। ਫਿਰ ਦਵਾਪਰ ਕਲਯੁਗ ਵਿਚ ਕਿੰਨੀ ਸੰਖਿਆ ਵੱਧ ਜਾਂਦੀ ਹੈ। ਉੱਥੇ ਇਕ ਦੋ ਬੱਚੇ ਇਥੇ ਚਾਰ ਪੰਜ ਬੱਚੇ ਤਾਂ ਕਿੰਨੀ ਸੰਖਿਆ ਵੱਧ ਗਈ ਹੈ। ਭਾਰਤਵਾਸੀ ਹੀ ਹੁਣ ਹਿੰਦੂ ਕਹਿਲਾਉਂਦੇ ਹਨ। ਅਸਲ ਵਿਚ ਦੇਵਤਾ ਧਰਮ ਦੇ ਸਨ, ਹੋਰ ਕੋਈ ਵੀ ਆਪਣੇ ਧਰਮ ਨੂੰ ਨਹੀਂ ਭੁੱਲਦਾ। ਭਾਰਤਵਾਸੀ ਹੀ ਭੁੱਲੇ ਹੋਏ ਹਨ। ਹੁਣ ਦੇਖੋ ਕਿੰਨੇ ਢੇਰ ਮਨੁੱਖ ਹਨ। ਇਤਨੇ ਸਾਰੇ ਤਾਂ ਗਿਆਨ ਆਕੇ ਲੈਣਗੇ ਨਹੀਂ। ਹਰੇਕ ਆਪਣੇ ਜਨਮਾਂ ਨੂੰ ਵੀ ਸਮਝ ਸਕਦੇ ਹਨ। ਜਿਸਨੇ ਪੂਰੇ 84 ਜਨਮ ਲੀਤੇ ਹੋਣਗੇ ਉਹ ਜਰੂਰ ਪੁਰਾਣੇ ਭਗਤ ਹੋਣਗੇ। ਤੁਸੀਂ ਸਮਝ ਸਕਦੇ ਹੋ ਕਿ ਅਸੀਂ ਕਿੰਨੀ ਭਗਤੀ ਕੀਤੀ ਹੈ। ਥੋੜੀ ਭਗਤੀ ਕੀਤੀ ਹੋਵੇਗੀ ਤਾਂ ਗਿਆਨ ਵੀ ਥੋੜਾ ਲੈਣਗੇ ਅਤੇ ਦੂਜਿਆਂ ਨੂੰ ਵੀ ਥੋੜਾ ਹੀ ਸਮਝਾਉਣਗੇ। ਬਹੁਤ ਭਗਤੀ ਕੀਤੀ ਹੋਵੇਗੀ ਤਾਂ ਗਿਆਨ ਵੀ ਬਹੁਤ ਲੈਣਗੇ ਅਤੇ ਬਹੁਤਿਆਂ ਨੂੰ ਸਮਝਾਉਣਗੇ। ਗਿਆਨ ਨਹੀਂ ਉਠਾਉਂਦੇ ਤਾਂ ਸਮਝਾ ਵੀ ਘਟ ਸਕਦੇ ਹਨ। ਇਸਲਈ ਉਨ੍ਹਾਂ ਨੂੰ ਫੁੱਲ ਵੀ ਥੋੜਾ ਮਿਲਦਾ ਹੈ। ਹਿਸਾਬ ਹੈ ਨਾ।

ਬਾਪ ਨੂੰ ਇਕ ਬੱਚੇ ਨੇ ਹਿਸਾਬ ਕੱਢ ਕੇ ਭੇਜਿਆ ਤਾਂ ਇਸਲਾਮੀਆ ਦੇ ਇਤਨੇ ਜਨਮ, ਬੋਧੀਆਂ ਦੇ ਇਤਨੇ ਜਨਮ ਹੋਣੇ ਚਾਹੀਦੇ ਹਨ। ਬੁੱਧ ਵੀ ਧਰਮ ਸਥਾਪਕ ਹਨ। ਉਨ੍ਹਾਂ ਤੋਂ ਪਹਿਲੋਂ ਕੋਈ ਬੁੱਧ ਧਰਮ ਦਾ ਨਹੀਂ ਸੀ। ਬੁੱਧ ਦੀ ਆਤਮਾ ਨੇ ਪ੍ਰਵੇਸ਼ ਕੀਤਾ। ਉਸਨੇ ਬੁੱਧ ਧਰਮ ਸਥਾਪਨ ਕੀਤਾ। ਫਿਰ ਇੱਕ ਤੋਂ ਵਾਧਾ ਹੁੰਦਾ ਜਾਂਦਾ ਹੈ। ਉਹ ਵੀ ਇਕ ਪ੍ਰਜਾਪਿਤਾ ਹੈ, ਇਕ ਤੋਂ ਕਿੰਨਾ ਵੱਧ ਜਾਂਦਾ ਹੈ। ਤੁਸੀਂ ਤਾਂ ਨਵੀ ਦੁਨੀਆ ਵਿਚ ਰਾਜਾ ਬਣਨਾ ਹੈ। ਇਥੇ ਤਾਂ ਵਨਵਾਹ ਵਿਚ ਹੋ। ਕਿਸੇ ਚੀਜ਼ ਦਾ ਸ਼ੌਕ ਨਹੀਂ ਰੱਖਣਾ ਚਾਹੀਦਾ। ਅਸੀਂ ਚੰਗੇ ਕਪੜੇ ਪਾਈਏ, ਇਹ ਵੀ ਦੇਹ- ਅਭਿਮਾਨ ਹੈ। ਜੋ ਮਿਲਿਆ ਸੋ ਚੰਗਾ। ਇਹ ਦੁਨੀਆ ਹੀ ਥੋੜਾ ਸਮਾਂ ਹੈ। ਇਥੇ ਚੰਗੇ ਕਪੜੇ ਪਾਏ ਤਾਂ ਉਥੇ ਫਿਰ ਘਟ ਹੋ ਜਾਣਗੇ। ਇਹ ਸ਼ੌਕ ਵੀ ਛੱਡਣਾ ਹੈ। ਅੱਗੇ ਜਾ ਕੇ ਤੁਹਾਨੂੰ ਬੱਚਿਆਂ ਨੂੰ ਆਪੇ ਹੀ ਸਾਕਸ਼ਾਤਕਕਾਰ ਹੁੰਦੇ ਰਹਿਣਗੇ। ਤੁਸੀਂ ਖੁਦ ਕਹੋਗੇ ਇਹ ਤਾਂ ਬੜੀ ਸਰਵਿਸ ਕਰਦੇ ਹਨ, ਕਮਾਲ ਹੈ। ਇਹ ਜਰੂਰ ਉੱਚ ਨੰਬਰ ਲੈਣਗੇ। ਫਿਰ ਆਪ ਸਮਾਨ ਬਣਾਉਂਦੇ ਰਹਿਣਗੇ। ਦਿਨ ਪ੍ਰਤੀਦਿਨ ਬਗੀਚਾ ਤਾ ਵੱਡਾ ਹੋਣਾ ਹੀ ਹੈ। ਜਿੰਨੇ ਦੇਵੀ - ਦੇਵਤਾ ਸਤਿਯੁੱਗ ਦੇ ਜਾਂ ਤ੍ਰੇਤਾ ਦੇ ਹਨ, ਉਹ ਸਾਰੇ ਗੁਪਤ ਇਥੇ ਬੈਠੇ ਹਨ, ਫਿਰ ਪ੍ਰਤੱਖ ਹੋ ਜਾਣਗੇ। ਹਾਲੇ ਤੁਸੀਂ ਗੁਪਤ ਪਦਵੀ ਪਾ ਰਹੇ ਹੋ, ਤੁਸੀਂ ਜਾਣਦੇ ਹੋ ਅਸੀਂ ਪੜ੍ਹ ਰਹੇ ਹਾਂ-ਮ੍ਰਿਤੂ ਲੋਕ ਵਿਚ, ਪਦਵੀ ਅਮਰਲੋਕ ਵਿਚ ਪਾਵਾਂਗੇ। ਇਹੋ ਜਿਹੀ ਪੜਾਈ ਕਦੇ ਵੇਖੀ। ਇਹ ਵੰਡਰ ਹੈ, ਪੜਨਾ ਪੁਰਾਣੀ ਦੁਨੀਆ ਵਿਚ। ਪਦ ਪਾਉਣਾ ਨਵੀ ਦੁਨੀਆ ਵਿਚ। ਪੜਾਉਣ ਵਾਲਾ ਵੀ ਉੱਚ ਹੈ ਜੋ ਅਮਰਲੋਕ ਦੀ ਸਥਾਪਨਾ ਅਤੇ ਮ੍ਰਿਤੂ ਲੋਕ ਦਾ ਵਿਨਾਸ਼ ਕਰਨਾ ਵਾਲਾ ਹੈ। ਤੁਹਾਡਾ ਇਹ ਪੁਰਸ਼ੋਤਮ ਸੰਗਮਯੁਗ ਬਹੁਤ ਛੋਟਾ ਹੈ। ਇਸ ਵਿਚ ਬਾਪ ਆਉਂਦੇ ਹਨ - ਪੜਾਉਣ ਦੇ ਲਈ। ਆਉਣ ਨਾਲ ਹੀ ਪੜਾਈ ਸ਼ੁਰੂ ਹੋ

ਜਾਂਦੀ ਹੈ। ਤਾਂ ਬਾਪ ਕਹਿੰਦੇ ਹਨ ਲਿਖੋ। ਸ਼ਿਵ ਜਯੰਤੀ ਸੋ ਗੀਤਾ ਜਯੰਤੀ। ਇਸਨੂੰ ਮਨੁੱਖ ਨਹੀਂ ਜਾਣਦੇ। ਉਨ੍ਹਾਂ ਨੇ ਸ਼੍ਰੀਕ੍ਰਿਸ਼ਨ ਦਾ ਨਾਮ ਰੱਖ ਦਿੱਤਾ ਹੈ। ਹੁਣ ਭੁੱਲ ਜੇ ਕੋਈ ਸਮਝੇ। ਕਿੰਨੇ ਵੱਡੇ-2 ਆਦਮੀ ਮਿਊਜਿਅਮ ਵਿਚ ਆਉਂਦੇ ਹਨ, ਇਵੇਂ ਨਹੀਂ ਕਿ ਕੁਝ ਬਾਪ ਬਾਰੇ ਪਤਾ ਹੈ, ਕੁਝ ਨਹੀਂ, ਇਸਲਈ ਬਾਪ ਕਹਿੰਦੇ ਕਿ ਫਾਰਮ ਭਰਾਓ ਤਾਂ ਪਤਾ ਲੱਗੇ ਕਿ ਕੁਝ ਸਿੱਖਿਆ ਹੈ। ਬਾਕੀ ਇਥੇ ਆਕੇ ਕੀ ਕਰਨਗੇ। ਜਿਵੇਂ ਸਾਧੂ, ਸੰਤ, ਮਹਾਤਮਾ ਦੇ ਕੋਲ ਜਾਂਦੇ ਹਨ, ਇਥੇ ਉਹ ਗੱਲ ਨਹੀਂ। ਇਨ੍ਹਾਂ ਦਾ(ਬ੍ਰਹਮਾ ਬਾਬਾ ਦਾ) ਓਹ ਹੀ ਸਧਾਰਨ ਰੂਪ ਹੈ। ਡਰੈਸ ਵਿਚ ਵੀ ਕੋਈ ਫਰਕ ਨਹੀਂ, ਇਸਲਈ ਕੋਈ ਸਮਝ ਨਹੀਂ ਸਕਦੇ ਹਨ। ਸਮਝਦੇ ਹਨ ਇਹ ਤਾਂ ਜੋਹਰੀ ਸੀ। ਪਹਿਲਾਂ ਤਾਂ ਸੀ ਵਿਨਾਸ਼ੀ ਰਤਨਾ ਦਾ ਜੋਹਰੀ। ਹੁਣ ਬਣੇ ਹਨ, ਅਵਿਨਾਸ਼ੀ ਰਤਨਾ ਦਾ ਜੋਹਰੀ। ਤੁਸੀਂ ਸੌਦਾ ਵੀ ਬੇਹੱਦ ਦੇ ਬਾਪ ਨਾਲ ਕਰਦੇ ਹੋ। ਜੋ ਬੜਾ ਸੌਦਾਗਰ, ਜਾਦੂਗਰ, ਰਤਨਾਗਰ ਹੈ। ਤਾਂ ਹਰੇਕ ਆਪਣੇ ਨੂੰ ਰੂਪ ਬਸੰਤ ਸਮਝੇ। ਸਾਡੇ ਅੰਦਰ ਗਿਆਨ ਰਤਨ ਲੱਖਾਂ ਰੁਪਏ ਦੇ ਹਨ, ਇਸ ਗਿਆਨ ਨਾਲ ਤੁਸੀਂ ਪਾਰਸ ਬੁੱਧੀ ਬਣਦੇ ਹੋ। ਇਹ ਵੀ ਸਮਝਣ ਦੀ ਗੱਲ ਹੈ। ਕੋਈ ਸਿਆਨੇ ਹਨ ਜੋ ਇਨ੍ਹਾਂ ਗੱਲਾਂ ਨੂੰ ਧਾਰਨ ਕਰਦੇ ਹਨ। ਜੇਕਰ ਧਾਰਨਾ ਨਹੀਂ ਹੁੰਦੀ ਤਾ ਕਿਸੇ ਕੰਮ ਦੇ ਨਹੀਂ। ਸਮਝੋ ਉਨ੍ਹਾਂ ਦੀ ਝੋਲੀ ਵਿਚ ਛੇਕ ਹੈ ਜੋ ਬਹਿ ਜਾਂਦਾ ਹੈ। ਬਾਪ ਕਹਿੰਦੇ ਹਨ ਮੈਂ ਤੁਹਾਨੂੰ ਅਵਿਨਾਸ਼ੀ ਗਿਆਨ ਰਤਨਾ ਦਾ ਦਾਨ ਦਿੰਦਾ ਹਾਂ। ਜੇਕਰ ਤੁਸੀਂ ਦਾਨ ਦਿੰਦੇ ਰਹੋਗੇ ਤਾ ਭਰਤੂ, ਭਰਪੂਰ ਰਹੋਗੇ। ਨਹੀਂ ਤਾਂ ਕੁਝ ਵੀ ਨਹੀਂ। ਖਾਲੀ ਹਨ, ਪੜਦੇ ਨਹੀਂ, ਕਾਇਦੇ ਅਨੁਸਾਰ ਚਲਦੇ ਨਹੀਂ। ਇਸ ਵਿਚ ਸਬਜੈਕਟ ਬੜੀ ਚੰਗੀ ਹੈ। ਪੰਜ ਵਿਕਾਰਾਂ ਤੋਂ ਤੁਸੀਂ ਬਿਲਕੁਲ ਦੂਰ ਰਹਿਣਾ ਹੈ।

ਬਾਪ ਨੇ ਸਮਝਾਇਆ ਹੈ ਜੋ ਰਾਖੀ ਬੰਧਨ ਮਨਾਉਂਦੇ ਹਨ, ਉਹ ਇਸ ਸਮੇ ਦਾ ਹੈ। ਪਰ ਮਨੁੱਖ ਅਰਥ ਨਹੀਂ ਜਾਣਦੇ ਕਿ ਰਾਖੀ ਕਿਉਂ ਬੰਨੀ ਜਾਂਦੀ ਹੈ। ਉਹ ਤਾਂ ਅਪਵਿੱਤਰ ਹੁੰਦੇ ਰਹਿੰਦੇ ਹਨ ਅਤੇ ਰਾਖੀ ਬੱਨੰਦੇ ਰਹਿੰਦੇ ਹਨ। ਪਹਿਲੋਂ ਬ੍ਰਾਹਮਣ ਲੋਕ ਬੱਣੰਦੇ ਸਨ। ਹੁਣ ਭੈਣ ਭਰਾ ਨੂੰ ਬੱਨੰਦੀ ਹੈ- ਖਰਚੀ ਦੇ ਲਈ। ਓਥੇ ਪਵਿੱਤਰਤਾ ਦੀ ਗੱਲ ਨਹੀਂ, ਬੜੀਆਂ ਫੈਸ਼ਨ ਵਾਲਿਆਂ ਰੱਖੜੀਆਂ ਬਣਾਉਂਦੇ ਹਨ । ਇਹ ਦੀਵਾਲੀ ਦੁਸ਼ਹਿਰਾ ਸਭ ਸੰਗਮ ਦਾ ਹੈ। ਜੋ ਬਾਪ ਨੇ ਕੰਮ ਕੀਤਾ ਉਹ ਭਗਤੀ ਮਾਰਗ ਵਿਚ ਚਲਦਾ ਹੈ। ਬਾਪ ਤੁਹਾਨੂੰ ਸੱਚੀ ਗੀਤਾ ਸੁਣਾ ਕੇ ਇਹ ਲਕਸ਼ਮੀ ਨਰਾਇਣ ਬਣਾਉਂਦੇ ਹਨ। ਹੁਣ ਤੁਸੀਂ ਫਸਟ ਗ੍ਰੇਡ ਵਿਚ ਜਾਂਦੇ ਹੋ। ਸੱਤ ਨਰਾਇਣ ਦੀ ਕਥਾ ਸੁਣ ਕੇ ਤੁਸੀਂ ਨਰ ਤੋਂ ਨਰਾਇਣ ਬਣਦੇ ਹੋ। ਹੁਣ ਤੁਸੀਂ ਬੱਚਿਆਂ ਨੇ ਸਾਰੀ ਦੁਨੀਆ ਨੂੰ ਜਗਾਉਣਾ ਹੈ। ਕਿੰਨੀ ਯੋਗ ਦੀ ਸ਼ਕਤੀ ਚਾਹੀਦੀ ਹੈ। ਯੋਗ ਦੀ ਸ਼ਕਤੀ ਨਾਲ ਤੁਸੀਂ ਕਲਪ-ਕਲਪ ਸਵਰਗ ਦੀ ਸਥਾਪਨਾ ਕਰਦੇ ਹੋ। ਯੋਗਬਲ ਨਾਲ ਹੁੰਦੀ ਹੈ ਸਥਾਪਨਾ, ਬਾਹੂਬਲ ਨਾਲ ਹੁੰਦਾ ਹੈ ਵਿਨਾਸ਼। ਅੱਖਰ ਹੀ ਦੋ ਹਨ ਅਲਫ਼ ਤੇ ਬੇ। ਯੋਗਬਲ ਦੇ ਨਾਲ ਤੁਸੀਂ ਵਿਸ਼ਵ ਦੇ ਮਾਲਿਕ ਬਣਦੇ ਹੋ। ਤੁਹਾਡਾ ਗਿਆਨ ਬਿਲਕੁਲ ਗੁਪਤ ਹੈ। ਤੁਸੀਂ ਜੋ ਸਤੋਪ੍ਰਧਾਨ ਸੀ, ਉਹ ਹੁਣ ਤਮੋਪ੍ਰਧਾਨ ਬਣੇ ਹੋ, ਫਿਰ ਤੋਂ ਸਤੋਪ੍ਰਧਾਨ ਬਣਨਾ ਹੈ। ਹਰੇਕ ਚੀਜ਼ ਨਵੀ ਤੋਂ ਪੁਰਾਣੀ ਜਰੂਰ ਹੁੰਦੀ ਹੈ। ਨਵੀ ਦੁਨੀਆ ਵਿਚ ਕੀ ਨਹੀਂ ਹੋਵੇਗਾ। ਪੁਰਾਣੀ ਦੁਨੀਆ ਵਿਚ ਤਾਂ ਕੁਝ ਵੀ ਨਹੀਂ ਹੈ। ਜਿਵੇ ਖੋਖਾ। ਕਿੱਥੇ ਭਾਰਤ ਸਵਰਗ ਸੀ, ਹੁਣ ਨਰਕ ਹੈ। ਰਾਤ ਦਿਨ ਦਾ ਫਰਕ ਹੈ, ਰਾਵਣ ਦਾ ਬੁੱਤ ਬਣਾ ਕੇ ਸਾੜਦੇ ਹਨ, ਪਰ ਜਾਣਦੇ ਕੁਝ ਵੀ ਨਹੀਂ। ਤੁਸੀਂ ਹੁਣ ਸਮਝਦੇ ਹੋ ਇਹ ਕੀ-ਕੀ ਕਰ ਰਹੇ ਹਨ। ਤੁਹਾਡੇ ਵਿਚ ਵੀ ਕਲ ਅਗਿਆਨ ਸੀ। ਹੁਣ ਗਿਆਨ ਹੈ। ਕਲ ਨਰਕ ਵਿਚ ਸੀ, ਅੱਜ ਸਵਰਗ ਵਿਚ ਜਾ ਰਹੇ ਹੋ- ਰੀਅਲ । ਇਸ ਤਰ੍ਹਾਂ ਨਹੀਂ ਜਿਵੇਂ ਦੁਨੀਆ ਵਾਲੇ ਲੋਕ ਕਹਿੰਦੇ ਹਨ, ਸਵਰਗ ਵਾਸੀ ਹੋਇਆ। ਤੁਸੀਂ ਹੁਣ ਸਵਰਗ ਵਿਚ ਆਓਗੇ ਤਾਂ ਫਿਰ ਨਰਕ ਨਹੀਂ ਹੋਵੇਗਾ। ਕਿੰਨੀਆਂ ਸਮਝਣ ਵਾਲੀਆਂ ਗੱਲਾਂ ਹਨ। ਹੈ ਵੀ ਸੈਕੰਡ ਦੀ ਗੱਲ। ਬਾਪ ਨੂੰ ਯਾਦ ਕਰੋ ਤਾਂ ਵਿਕਰਮ ਵਿਨਾਸ਼ ਹੋਣਗੇ। ਇਹ ਸਭ ਨੂੰ ਦਸਦੇ ਰਹੋ, ਬੋਲੋ, ਤੁਸੀਂ ਇਨ੍ਹਾਂ ਲਕਸ਼ਮੀ ਨਰਾਇਣ ਵਰਗੇ ਸੀ ਫਿਰ 84 ਜਨਮ ਲੈਕੇ ਇਹ ਬਣੇ ਹੋ। ਸਤੋਪ੍ਰਧਾਨ ਤੋਂ ਤਮੋਪ੍ਰਧਾਨ ਬਣੇ ਹੋ ਫਿਰ ਸਤੋਪ੍ਰਧਾਨ ਬਣਨਾ ਹੈ। ਆਤਮਾ ਤੇ ਵਿਨਾਸ਼ ਨਹੀਂ ਹੁੰਦੀ। ਬਾਕੀ ਉਸਨੂੰ ਤਮੋਪ੍ਰਧਾਨ ਤੋਂ ਸਤੋਪ੍ਰਧਾਨ ਬਣਨਾ ਹੀ ਪਵੇ। ਬਾਬਾ ਤਰ੍ਹਾਂ-2 ਨਾਲ ਸਮਝਾਂਦੇ ਰਹਿੰਦੇ ਹਨ। ਮੇਰੀ ਬੈਟਰੀ ਕਦੇ ਪੁਰਾਣੀ ਹੁੰਦੀ ਨਹੀਂ। ਬਾਬਾ ਸਿਰਫ ਕਹਿੰਦੇ ਹਨ, ਆਪਣੇ ਨੂੰ ਬਿੰਦੂ ਆਤਮਾ ਸਮਝੋ। ਕਹਿੰਦੇ ਹਨ ਇਨ੍ਹਾਂ ਦੀ ਆਤਮਾ ਨਿਕਲ ਗਈ। ਤਾਂ ਆਤਮਾ ਸੰਸਕਾਰਾਂ ਮੁਤਾਬਿਕ ਇਕ ਸ਼ਰੀਰ ਛੱਡ ਦੂਸਰਾ ਲੈਂਦੀ ਹੈ। ਹੁਣ ਆਤਮਾਵਾਂ ਨੇ ਘਰ ਜਾਣਾ ਹੈ। ਇਹ ਵੀ ਡਰਾਮਾ ਹੈ। ਸ੍ਰਿਸ਼ਟੀ ਚੱਕਰ ਰਪੀਟ ਹੁੰਦਾ ਹੀ ਰਹਿੰਦਾ ਹੈ। ਪਿਛਾੜੀ ਵਿਚ ਹਿਸਾਬ ਕੱਢ ਕੇ ਕਹਿੰਦੇ ਹਨ ਦੁਨੀਆ ਵਿਚ ਇਤਨੇ ਮਨੁੱਖ ਹਨ। ਇਵੇਂ ਕਿਓਂ ਨਹੀਂ ਕਹਿੰਦੇ ਕੀ ਏਨੀਆਂ ਆਤਮਾਵਾਂ ਹਨ। ਬਾਪ ਕਹਿੰਦੇ ਹਨ ਬੱਚੇ ਮੈਨੂੰ ਕਿੰਨਾ ਭੁੱਲ ਗਏ ਹਨ। ਫਿਰ ਸਭ ਦਾ ਕਲਿਆਣ ਮੈਂ ਹੀ ਕਰਨਾ ਹੈ, ਤਾਂ ਹੀ ਮੈਨੂੰ ਪੁਕਾਰਦੇ ਹਨ। ਤੁਸੀਂ ਬਾਪ ਨੂੰ ਭੁੱਲ ਜਾਂਦੇ ਹੋ, ਬਾਪ ਤੁਹਾਨੂੰ ਨਹੀਂ ਭੁਲਦਾ। ਬਾਪ ਆਉਂਦਾ ਹੈ ਪਤਿਤਾਂ ਨੂੰ ਪਾਵਨ ਬਣਾਉਣ ਲਈ। ਇਹ ਹੈ ਗਊਮੁਖ। ਬਾਕੀ ਬੈਲ ਆਦਿ ਦੀ ਗੱਲ ਨਹੀਂ। ਇਹ ਹੈ ਭਾਗਿਆਸ਼ਾਲੀ ਰੱਥ। ਬਾਬਾ ਤੁਸੀਂ ਬੱਚਿਆਂ ਨੂੰ ਕਹਿੰਦੇ ਹਨ ਸ਼ਿਵਬਾਬਾ ਮੈਨੂੰ ਸ਼ਿੰਗਾਰਦੇ ਹਨ। ਇਹ ਪੱਕਾ ਯਾਦ ਰਹੇ।

ਸ਼ਿਵਬਾਬਾ ਨੂੰ ਯਾਦ ਕਰਨ ਦਾ ਬਹੁਤ ਫਾਇਦਾ ਹੈ। ਬਾਬਾ ਸਾਨੂੰ ਇਨ੍ਹਾਂ ਦਵਾਰਾ(ਬ੍ਰਹਮਾ ਬਾਬਾ) ਪੜਾਉਂਦੇ ਹਨ ਤਾਂ ਇਹਨਾਂ ਨੂੰ ਯਾਦ ਨਹੀਂ ਕਰਨਾ ਹੈ। ਸਤਿਗੁਰੂ ਇਕ ਸ਼ਿਵਬਾਬਾ ਹੈ, ਉਨ੍ਹਾਂ ਤੇ ਤੁਸੀਂ ਬਲਿਹਾਰ ਜਾਣਾ ਹੈ, ਇਹ ਵੀ ਉਨ੍ਹਾਂ ਤੇ ਬਲਿਹਾਰ ਗਿਆ ਨਾ। ਬਾਪ ਕਹਿੰਦੇ ਹਨ ਮਾਮੇਕਮ ਯਾਦ ਕਰੋ। ਬੱਚੇ ਜਾਂਦੇ ਹਨ ਸਤਿਯੁਗੀ ਫੁੱਲਾਂ ਦੀ ਦੁਨੀਆ ਵਿਚ, ਫਿਰ ਕੰਡਿਆਂ ਨਾਲ ਪਿਆਰ ਕਿਓਂ ਹੋਣਾ ਚਾਹੀਦਾ ਹੈ। 63 ਜਨਮ ਤਾਂ ਭਗਤੀ ਮਾਰਗ ਦੇ ਸ਼ਾਸਤਰ ਪੜਦੇ, ਪੂਜਾ ਕਰਦੇ ਆਏ ਹੋ। ਤੁਸੀਂ ਪੂਜਾ ਵੀ ਪਹਿਲੋਂ ਪਹਿਲ ਤਾਂ ਸ਼ਿਵਬਾਬਾ ਦੀ ਕੀਤੀ ਹੈ ਤਾਂ ਹੀ ਤੇ ਸੋਮਨਾਥ ਦਾ ਮੰਦਿਰ ਬਣਾਇਆ ਹੈ। ਮੰਦਿਰ ਤਾਂ ਸਾਰੇ ਰਾਜਿਆਂ ਦੇ ਘਰ ਵਿਚ ਸਨ। ਕਿੰਨੇ ਹੀਰੇ ਜਵਾਹਰਾਤ ਸਨ। ਪਿੱਛੋਂ ਆਕੇ ਚੜਾਈ ਕੀਤੀ। ਇਕ ਮੰਦਿਰ ਵਿੱਚੋ ਕਿੰਨਾ ਸੋਨਾ ਆਦਿ ਲੈ ਗਏ। ਤੁਸੀਂ ਅਜਿਹੇ ਧਨਵਾਨ ਦੁਨੀਆ ਦੇ ਮਾਲਿਕ ਬਣਦੇ ਹੋ। ਇਹ ਧਨਵਾਨ ਸਨ, ਵਿਸ਼ਵ ਦੇ ਮਾਲਿਕ ਸਨ ਪਰ ਇਹਨਾਂ ਦੇ ਰਾਜ ਨੂੰ ਕਿੰਨਾ ਸਮਾਂ ਹੋ ਗਿਆ ਹੈ, ਕਿਸੇ ਨੂੰ ਪਤਾ

ਨਹੀਂ ਹੈ। ਬਾਪ ਕਹਿੰਦੇ ਹਨ ਪੰਜ ਹਜਾਰ ਸਾਲ ਹੋਏ। 2500 ਸਾਲ ਰਾਜ ਕੀਤਾ, ਬਾਕੀ 2500 ਸਾਲ ਵਿਚ ਇਤਨੇ ਮੱਠ, ਪੰਥ ਆਦਿ ਵਾਧੇ ਨੂੰ ਪਾਉਂਦੇ ਹਨ।

ਤੁਹਾਨੂੰ ਬੱਚਿਆਂ ਨੂੰ ਬੜੀ ਖੁਸ਼ੀ ਹੋਣੀ ਚਾਹੀਦੀ ਹੈ ਕਿ ਸਾਨੂੰ ਬੇਹੱਦ ਦੇ ਬਾਪ ਪੜਾਉਂਦੇ ਹਨ। ਅਥਾਹ ਮਲਕੀਅਤ ਮਿਲਦੀ ਹੈ। ਵਿਖਾਉਂਦੇ ਹਨ ਸਾਗਰ ਤੋਂ ਦੇਵਤਾ ਨਿਕਲੇ, ਰਤਨਾ ਦੀਆ ਥਾਲੀਆਂ ਭਰ ਕੇ ਲਿਆਵੇ। ਹੁਣ ਤੁਹਾਨੂੰ ਰਤਨਾਂ ਦੀਆ ਥਾਲੀਆਂ ਭਰ ਭਰ ਕੇ ਮਿਲਦੀਆਂ ਹਨ। ਬਾਪ ਤਾਂ ਗਿਆਨ ਦਾ ਸਾਗਰ ਹੈ। ਕੋਈ ਚੰਗੀ ਤਰ੍ਹਾਂ ਥਾਲੀ ਭਰਦੇ ਹਨ, ਕਿਸੇ ਦੀ ਬਹਿ ਜਾਂਦੀ ਹੈ। ਜੋ ਚੰਗੀ ਤਰ੍ਹਾਂ ਪੜਨਗੇ, ਪੜਾਉਣਗੇ ਉਹ ਅੱਛਾ ਧਨਵਾਨ ਬਣਨਗੇ। ਰਾਜਧਾਨੀ ਸਥਾਪਨ ਹੋ ਰਹੀ ਹੈ। ਇਹ ਡਰਾਮਾ ਵਿਚ ਨੂੰਧ ਹੈ ਜੋ ਚੰਗੀ ਤਰ੍ਹਾਂ ਪੜਦੇ ਹਨ ਉਨ੍ਹਾਂ ਨੂੰ ਹੀ ਸਕਾਲਰਸ਼ਿਪ ਮਿਲਦੀ ਹੈ। ਇਹ ਹੈ ਇਸ਼ਵਰੀਏ ਸਕਾਲਰਸ਼ਿਪ, ਅਵਿਨਾਸ਼ੀ। ਉਹ ਹੈ ਵਿਨਾਸ਼ੀ। ਸੀੜੀ ਬੜੀ ਵੰਡਰਫੁਲ ਹੈ। 84 ਜਨਮਾਂ ਦੀ ਕਹਾਣੀ ਹੈ। ਬਾਪ ਕਹਿੰਦੇ ਹਨ ਸੀੜੀ ਦੀ ਏਨੀ ਵੱਡੀ ਟਰਾਂਸਲਾਈਟ ਬਣਾਓ ਜੋ ਦੂਰ ਤੋਂ ਬਿਲਕੁਲ ਸਾਫ਼ ਦਿਖਾਈ ਦੇਵੇ। ਮਨੁੱਖ ਦੇਖ ਕੇ ਹੈਰਾਨ ਹੋਣਗੇ, ਫਿਰ ਤੁਹਾਡਾ ਨਾਮ ਵੀ ਬਾਲਾ ਹੁੰਦਾ ਜਾਵੇਗਾ। ਹੁਣ ਜੋ ਫੇਰੀ ਪਹਿਨਕਰ ( ਚਕ੍ਰ ਲਗਾ ਕੇ ) ਜਾਂਦੇ ਹਨ ਉਹ ਪਿਛਾੜੀ ਵਿਚ ਆਉਣਗੇ। ਦੋ ਚਾਰ ਵਾਰ ਫੇਰੀ ਪਾਈ ਤਕਦੀਰ ਵਿਚ ਹੋਵੇਗਾ ਤਾ ਜਮ ਜਾਣਗੇ। ਸ਼ਮਾ ਤੇ ਇੱਕ ਹੀ ਹੈ, ਕਿਥੇ ਜਾਣਗੇ। ਬੱਚਿਆਂ ਨੂੰ ਬੜਾ ਮਿੱਠਾ ਬਣਨਾ ਹੈ। ਮਿੱਠਾ ਤਾਂ ਬਣਨਗੇ ਜੇਕਰ ਯੋਗ ਵਿਚ ਰਹਿਣਗੇ। ਯੋਗ ਨਾਲ ਹੀ ਕਸ਼ਿਸ਼ ਹੋਵੇਗੀ। ਜਦ ਤੱਕ ਜੰਕ ਨਹੀਂ ਨਿਕਲੇਗੀ ਤਾਂ ਕਿਸੇ ਨੂੰ ਕਸ਼ਿਸ਼ ਨਹੀਂ ਹੋਵੇਗੀ। ਇਸ ਸੀੜੀ ਦਾ ਰਾਜ਼ ਸਭ ਆਤਮਾਵਾਂ ਨੂੰ ਦੱਸਣਾ ਹੈ। ਹੌਲੀ - ਹੌਲੀ ਸਾਰੇ ਨੰਬਰ ਵਾਰ ਬਣਦੇ ਜਾਣਗੇ। ਇਹ ਹੈ ਡਰਾਮਾ। ਵਰਲਡ ਦੀ ਹਿਸਟਰੀ -ਜਾਗਰਾਫੀ ਰਪੀਟ ਹੁੰਦੀ ਰਹਿੰਦੀ ਹੈ। ਜਿਸਨੇ ਇਹ ਸਮਝਾਇਆ ਉਸਨੂੰ ਯਾਦ ਕਰਨਾ ਚਾਹੀਦਾ ਹੈ ਨਾ। ਬਾਪ ਨੂੰ ਸਰਵਵਿਆਪੀ ਕਹਿੰਦੇ ਹਨ ਪਰ ਉਥੇ ਤਾਂ ਸਰਵਵਿਆਪੀ ਹੈ ਮਾਇਆ, ਇਥੇ ਹੈ ਬਾਪ ਕਿਉਂਕਿ ਸੈਕੰਡ ਵਿਚ ਆ ਸਕਦਾ ਹੈ। ਤੁਹਾਨੂੰ ਸਮਝਣਾ ਚਾਹੀਦਾ ਹੈ ਬਾਬਾ ਇਸ ਵਿਚ ਬੈਠਾ ਹੀ ਹੈ। ਕਰਨ- ਕਰਾਵਨਹਾਰ ਹੈ ਨਾ। ਕਰਦਾ ਵੀ ਹੈ, ਕਰਵਾਉਂਦਾ ਵੀ ਹੈ, ਬੱਚਿਆਂ ਨੂੰ ਡਾਇਰੈਕਸ਼ਨ ਦਿੰਦੇ ਹਨ। ਖੁਦ ਵੀ ਕਰਦੇ ਰਹਿੰਦੇ ਹਨ। ਕੀ ਕਰ ਸਕਦੇ ਹਨ, ਕੀ ਨਹੀਂ ਕਰ ਸਕਦੇ - ਇਸ ਸ਼ਰੀਰ ਵਿਚ, ਉਹ ਹਿਸਾਬ ਕਰੋ। ਬਾਬਾ ਖਾਂਦੇ ਨਹੀਂ ਹਨ ਸਿਰਫ ਵਾਸਨਾ ਲੈਂਦੇ ਹਨ। ਅੱਛਾ।

ਮਿੱਠੇ - ਮਿੱਠੇ ਸਿਕੀਲਧੇ ਬੱਚਿਆਂ ਪ੍ਰਤੀ ਮਾਤ-ਪਿਤਾ ਬਾਪਦਾਦਾ ਦਾ ਯਾਦ-ਪਿਆਰ ਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁਖ ਸਾਰ:-

1. ਰੂਪ ਬਸੰਤ ਬਣ ਆਪਣੀ ਬੁੱਧੀ ਰੂਪੀ ਝੋਲੀ ਅਵਿਨਾਸ਼ੀ ਗਿਆਨ ਰਤਨਾ ਨਾਲ ਸਦਾ ਭਰਪੂਰ ਰੱਖਣੀ ਹੈ। ਬੁੱਧੀ ਰੂਪੀ ਝੋਲੀ ਵਿਚ ਕੋਈ ਛਿਦਰ ਨਾ ਹੋਵੇ, ਗਿਆਨ ਰਤਨ ਧਾਰਨ ਕਰ ਦੂਜਿਆਂ ਨੂੰ ਦਾਨ ਕਰਨੇ ਹਨ।

2. ਸਕਾਲਰਸ਼ਿਪ ਲੈਣ ਦੇ ਲਈ ਪੜਾਈ ਚੰਗੀ ਤਰ੍ਹਾਂ ਪੜਨੀ ਹੈ। ਪੂਰਾ ਵਨਵਾਹ ਵਿਚ ਰਹਿਣਾ ਹੈ। ਕਿਸੇ ਵੀ ਤਰ੍ਹਾਂ ਦਾ ਸ਼ੋਂਕ ਨਹੀਂ ਰੱਖਣਾ ਹੈ। ਖੁਸ਼ਬੂਦਾਰ ਫੁੱਲ ਬਣ ਕੇ ਦੂਜਿਆਂ ਨੂੰ ਬਣਾਉਣਾ ਹੈ।

ਵਰਦਾਨ:- ਗੱਲਾਂ ਰੂਪੀ ਬੱਦਲਾਂ ਨੂੰ ਵੇਖ ਘਬਰਾਉਣ ਦੀ ਬਜਾਏ ਸੈਕਿੰਡ ਵਿੱਚ ਕਰਾਸ ਕਰਨ ਵਾਲੇ ਸਿੱਧੀ ਸਵਰੂਪ ਭਵ।
ਕਈ ਬੱਚੇ ਸ਼ਾਸਤਰਵਾਦੀਆਂ ਦੀ ਤਰ੍ਹਾਂ ਗੱਲ ਬਨਾਉਣ ਵਿੱਚ ਬਹੁਤ ਹੁਸ਼ਿਆਰ ਹਨ। ਅਜਿਹੀਆਂ ਗੱਲਾਂ ਬਣਾਉਂਦੇ ਹਨ ਜੋ ਸੁਣਦੇ ਹੀ ਬਾਪ ਨੂੰ ਹੱਸੀ ਆ ਜਾਂਦੀ ਹੈ ਲੇਕਿਨ ਦੂਜੇ ਪ੍ਰਭਾਵਿਤ ਹੋ ਜਾਂਦੇ ਹਨ। ਇਹ ਅਨੇਕ ਤਰ੍ਹਾਂ ਦੀਆਂ ਵਿਅਰਥ ਗੱਲਾਂ, ਵਿਅਰਥ ਰਜਿਸ਼ਟਰ ਦਾ ਰੋਲ ਬਣਾਉਂਦੀਆਂ ਰਹਿੰਦੀਆਂ ਹਨ, ਇਸਲਈ ਇਸ ਨਾਲ ਤੀਵ੍ਰ ਉਡਾਣ ਭਰੋ, ਇੰਨੋਸੈਂਟ ਬਣੋ। ਬਾਪ ਨੂੰ ਵੇਖੋ ਗੱਲਾਂ ਨੂੰ ਨਹੀਂ। ਇਹ ਗੱਲਾਂ ਹੀ ਬੱਦਲ ਹਨ ਇਨ੍ਹਾਂ ਨੂੰ ਸੈਕਿੰਡ ਵਿੱਚ ਕਰਾਸ ਕਰਨ ਦੀ ਵਿਧੀ ਨਾਲ ਸਿੱਧੀ ਸਵਰੂਪ ਬਣੋ।

ਸਲੋਗਨ:- ਕਿਸੇ ਵੀ ਗੱਲ ਵਿੱਚ ਕੁਵਸ਼ਚੰਨ ਮਾਰਕ ਉਠਾਉਣਾ ਮਤਲਬ ਵਿਅਰਥ ਦਾ ਖਾਤਾ ਸ਼ੁਰੂ ਹੋਣਾ।

******

ਅਵਿਅਕਤ ਸਾਇਲੇਂਸ ਦਵਾਰਾ ਡਬਲ ਲਾਈਟ ਫਰਿਸ਼ਤਾ ਸਥਿਤੀ ਦਾ ਅਨੁਭਵ ਕਰੋ

ਹੁਣ ਆਪਣੇ ਦਿਲ ਦੀਆਂ ਸ਼ੁਭ ਭਾਵਨਾਵਾਂ ਦੂਜੀਆਂ ਆਤਮਾਵਾਂ ਤੱਕ ਪਹੁੰਚਾਵੋ। ਸਾਇਲੇਂਸ ਦੀ ਸ਼ਕਤੀ ਨੂੰ ਪ੍ਰਤੱਖ ਕਰੋ। ਹਰ ਇੱਕ ਬ੍ਰਾਹਮਣ ਬੱਚੇ ਵਿੱਚ ਇਹ ਸਾਇਲੇਂਸ ਦੀ ਸ਼ਕਤੀ ਹੈ। ਸਿਰਫ ਇਸ ਸ਼ਕਤੀ ਨੂੰ ਮਨ ਤੋਂ, ਤਨ ਤੋਂ ਇਮਰਜ ਕਰੋ। ਇੱਕ ਸੈਕਿੰਡ ਵਿੱਚ ਮਨ ਦੇ ਸੰਕਲਪਾਂ ਨੂੰ ਇਕਾਗਰ ਕਰ ਲਵੋ ਤਾਂ ਫਰਿਸ਼ਤੇ ਰੂਪ ਦਵਾਰਾ ਵਾਯੂਮੰਡਲ ਵਿੱਚ ਸਾਇਲੇਂਸ ਦੀ ਸ਼ਕਤੀ ਦੇ ਪ੍ਰਕਮਪਣ ਫੈਲ ਸਕਣਗੇ।